14

# ਯਾਬੇਸ਼ ਦੇ ਵਾਸੀ

## ਸ਼ੁਕਰਗੁਜ਼ਾਰੀ ਦੀ ਮਿਸਾਲ

(31:11-13)

ਇਲਿਨੋਇਸ ਦਾ ਇਕ ਕਿਸਾਨ ਨੇਸ਼ਵਿੱਲੇ, ਟੈਨਿਸੀ ਵਿਚ ਇਕ ਫ਼ੌਜੀ ਦੀ ਕਬਰ ਦੇ ਅੱਗੇ ਗੋਡੇ ਟੇਕੀ ਬੈਠਾ ਸੀ। ਜਦ ਉਸ ਨੂੰ ਪੁੱਛਿਆ ਗਿਆ ਕਿ ਕੀ ਇਹ ਕਬਰ ਉਸ ਦੇ ਲੜਕੇ ਦੀ ਹੈ, ਤਾਂ ਉਸ ਨੇ ਜਵਾਬ ਦਿੱਤਾ, ''ਨਹੀਂ! ਇਹ ਸਾਡੇ ਪਿੰਡ 'ਚ ਰਹਿੰਦਾ ਸੀ। ਮੈਂ ਉਸੇ ਦੀ ਕਬਰ ਲੱਭਣ ਆਇਆ ਹਾਂ।'' ਪੁੱਛਣ ਵਾਲੇ ਨੇ ਆਖਿਆ, ''ਹਾਂ ਉਸ ਦੇ ਪਿਤਾ ਨੂੰ ਮੈਨੂੰ ਘੱਲ ਕੇ ਖੁਸ਼ੀ ਹੁੰਦੀ, ਪਰ ਮੈਂ ਆਪਣੀ ਇੱਛਾ ਨਾਲ ਆਇਆ ਹਾਂ। ਮੇਰੇ ਸੱਤ ਬੱਚੇ ਹਨ, ਸਾਰੇ ਛੋਟੇ ਛੋਟੇ ਹਨ, ਅਤੇ ਮੇਰੀ ਘਰ ਵਾਲੀ ਬੀਮਾਰ ਹੈ। ਮੈਨੂੰ ਤਿਆਰ ਕੀਤਾ ਗਿਆ ਸੀ । ਖੇਤ 'ਚ ਮੇਰਾ ਕੰਮ ਕਰਨ ਵਾਲਾ ਕੋਈ ਨਹੀਂ ਸੀ, ਅਤੇ ਮੈਂ ਕਿਸੇ ਨੂੰ ਆਪਣੀ ਥਾਂ ਘੱਲ ਨਹੀਂ ਸਕਦਾ ਸੀ: ਤੇਰਾਂ ਡਾਲਰ ਦੀ ਕਮਾਈ ਨਾਲ ਮੇਰੇ ਘਰ ਦਾ ਗੁਜ਼ਾਰਾ ਨਹੀਂ ਚੱਲਦਾ ਸੀ। ਮੈਨੂੰ ਲੱਗਿਆ ਕਿ ਮੈਨੂੰ ਜਾਣਾ ਚਾਹੀਦਾ ਹੈ ਅਤੇ ਮੇਰੇ ਪਰਿਵਾਰ ਦੇ ਲੋਕਾਂ ਨੂੰ ਕਸ਼ਟ ਉਠਾਉਣਾ ਚਾਹੀਦਾ ਹੈ। ਛਾਉਣੀ ਵਿਚ ਜਾ ਕੇ ਨਾਮ ਲਿਖਾਉਣ ਤੋਂ ਇਕ ਦਿਨ ਪਹਿਲਾਂ, ਮੇਰੇ ਗੁਆਂਢੀ ਦਾ ਲੜਕਾ ਆ ਕੇ ਮੈਨੂੰ ਕਹਿਣ ਲੱਗਾ ਕਿ ਮੈਨੂੰ ਘੱਲ ਦਿਓ। ਉਸ ਨੇ ਕਿਹਾ ਕਿ ਉਸ ਦੇ ਪਿੱਛੇ ਉਸ ਦੇ ਪਾਲਣ ਵਾਲਾ ਕੋਈ ਨਹੀਂ ਹੈ ਅਤੇ ਉਹਦਾ ਜਾਣਾ ਸਹੀ ਹੋਵੇਗਾ। ਉਹ ਚਲਿਆ ਗਿਆ ਅਤੇ ਸ਼ਿਕਾਮਾਊਗਾ ਵਿਚ ਜ਼ਖ਼ਮੀ ਹੋ ਗਿਆ। ਉਸਨੂੰ ਨੇਸ਼ਵਿੱਲੇ ਦੇ ਹਸਪਤਾਲ ਵਿਚ ਲਿਆਂਦਾ ਗਿਆ, ਜਿੱਥੇ ਉਹ ਮਰ ਗਿਆ। ਮੈਂ ਉਸਦੀ ਕਬਰ ਢੂੰਡ ਲਈ ਹੈ।'' ਫਿਰ ਉਸਦੇ ਸਾਹਮਣੇ ਕਬਰ ਤੇ ਪੱਥਰ ਤੇ ਲਿਖ ਦਿੱਤਾ, ''ਮੇਰੇ ਲਈ ਮਰਿਆ।''

ਸ਼ੁਕਰਗੁਜ਼ਾਰੀ ਖ਼ੁਦਾ ਦੇ ਪੈਰੋਕਾਰਾਂ ਦੀ ਪਹਿਲੀ ਨਿਸ਼ਾਨੀ ਹੈ। ਨਵੇਂ ਨੇਮ ਵਿਚ ਮਸੀਹੀ ਲੋਕਾਂ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰ ਸ਼ੁਕਰਗੁਜ਼ਾਰ ਹੋਣ ਦਾ ਹੁਕਮ ਦਿੱਤਾ:

> ... ਜਿਹਦੇ ਲਈ ਤੁਸੀਂ ਇੱਕੋ ਦੇਹ ਹੋ ਕੇ ਸੱਦੇ ਵੀ ਗਏ ... ਅਤੇ ਤੁਸੀਂ ਧੰਨਵਾਦ ਕਰਿਆ ਕਰੋ (ਕੁਲੁੱਸੀਆਂ 3:15)।
>
> ਹਰ ਹਾਲ ਵਿਚ ਧੰਨਵਾਦ ਕਰੋ: ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿਚ ਪਰਮੇਸ਼ੁਰ ਦੀ ਇਹੋ ਇੱਛਿਆ ਹੈ (1 ਥੱਸਲੁਨੀਕੀਆਂ 5:18)।
>
> ਸੋ ਮੈਂ ਸਭ ਤੋਂ ਪਹਿਲਾਂ ਇਹ ਤਗੀਦ ਕਰਦਾ ਹਾਂ ਜੋ ਬੇਨਤੀਆਂ, ਪ੍ਰਾਰਥਨਾਵਾਂ, ਅਰਦਾਸਾਂ ਅਤੇ ਧੰਨਵਾਦ ਸਭਨਾਂ ਮਨੁੱਖਾਂ ਲਈ ਕੀਤੇ ਜਾਣ (1 ਤਿਮੋਥਿਉਸ 2:1)।

ਦੁੱਖ ਦੀ ਗੱਲ ਹੈ ਕਿ ਇਨ੍ਹਾਂ ਸਪੱਸ਼ਟ ਹੁਕਮਾਂ ਦੇ ਬਾਵਜੂਦ ਧੰਨਵਾਦੀ ਮਨਾਂ ਦੀ ਕਮੀ ਹੈ!

ਧੰਨਵਾਦ ਕਰਨਾ ਹਮੇਸ਼ਾ ਜੋਸ਼ ਨਾਲ ਭਰਿਆ ਹੁੰਦਾ ਹੈ। ''ਧੰਨਵਾਦ'' ਵਾਲਾ ਵਿਹਾਰ ਇਸ ਨੂੰ ਵੇਖਣ ਵਾਲੇ ਸਭ ਲੋਕਾਂ ਨੂੰ ਅਨੰਦਿਤ ਕਰਦਾ ਹੈ। ਯਾਬੇਸ਼-ਗਿਲਆਦ ਦੇ ਲੋਕ ਇਸ ਵਿਹਾਰ ਨੂੰ ਪੇਸ਼ ਕਰਦੇ ਹਨ ਅਤੇ ਉਨ੍ਹਾਂ ਦੀ ਸ਼ੁਕਰਗੁਜ਼ਾਰੀ 1 ਸਮੂਏਲ ਦੀ ਕਿਤਾਬ ਵਿਚ ਸੰਖੇਪ ਵਿਚ ਮਿਲਦੀ ਹੈ।

ਯਾਬੇਸ਼ ਯਰਦਨ ਦਰਿਆ ਦੇ ਪੱਛਮ ਵਿਚ ਛੋਟਾ ਜਿਹਾ ਨਗਰ ਸੀ। ਸਿਰਫ਼ ਇਹੀ ਇਸਰਾਏਲੀ ਨਗਰ ਸੀ ਜਿਸ ਨੇ ਬਿਨਯਾਮੀਨ ਦੇ ਕਬੀਲੇ ਦੇ ਵਿਰੁੱਧ ਯੁੱਧ ਵਿਚ ਹਿੱਸਾ ਨਹੀਂ ਲਿਆ ਸੀ (ਨਿਆਇਆਂ 20:13)! ਕਬੀਲੇ ਨੂੰ ਮਲੀਆਮੇਟ ਕਰ ਦੇਣ ਦੇ ਬਾਅਦ, ਯਾਬੇਸ਼ ਦੀਆਂ ਪਤਨੀਆਂ ਹੀ ਬਿਨਯਾਮੀਨੀ ਮਨੁੱਖਾਂ ਲਈ ਬਚੀਆਂ ਸਨ (ਨਿਆਇਆਂ 21:8-15)। ਇਸ ਕਾਰਣ ਦੋਹਾਂ ਵਿਚ ਬਹੁਤ ਨਜ਼ਦੀਕੀ ਸਬੰਧ ਬਣ ਗਿਆ ਸੀ। ਇਹ ਸੰਭਵ ਹੈ ਕਿ ਸਾਊਲ ਦੇ ਕੁਝ ਪੂਰਵਜ ਇਸੇ ਨਗਰ ਦੇ ਹੋਣ।

ਗ੍ਰਹਿ ਯੁੱਧ ਅਤੇ ਅੰਤਰਜਾਤੀ ਵਿਆਹ ਦੇ ਇਸ ਸਮੇਂ ਦੇ ਲਗਭਗ ਤਿੰਨ ਸੌ ਤੋਂ ਵੱਧ ਵਰ੍ਹਿਆਂ ਪਿੱਛੋਂ, ਬਿਨਯਾਮੀਨ ਦੀ ਰਾਜਧਾਨੀ ਗਿਬਾਹ ਵਿਚ ਇਕ ਵਫ਼ਦ ਆਇਆ। ਇਹ ਵਫ਼ਦ ਅਮੋਨੀ ਨਾਹਾਸ਼ ਦੀਆਂ ਧਮਕੀਆਂ ਤੋਂ ਬਚਣ ਲਈ ਮਦਦ ਮੰਗ ਰਿਹਾ ਸੀ। ਜੇ ਯਾਬੇਸ਼ ਆਤਮ ਸਮਰਪਣ ਕਰ ਦੇਵੇ ਤਾਂ ਨਾਹਾਸ਼ ਨੇ ਹਰ ਆਦਮੀ ਦੀ ਸੱਜੀ ਅੱਖ ਕੱਢ ਦੇਣੀ ਸੀ। ਇਸ ਨਾਲ ਸਭ ਆਦਮੀ ਯੁੱਧ ਲਈ ਨਕਾਰੇ ਹੋ ਜਾਣੇ ਸਨ, ਕਿਉਂਕਿ ਢਾਲ ਇੰਜ ਫੜੀ ਜਾਂਦੀ ਸੀ ਕਿ ਖਬੀ ਅੱਖ ਨੂੰ ਵਿਖਾਈ ਨਹੀਂ ਦਿੰਦਾ ਸੀ। ਜੇ ਕਰ ਸੱਜੀ ਅੱਖ ਕੱਢ ਦਿੱਤੀ ਜਾਂਦੀ ਤਾਂ ਆਦਮੀ ਜੰਗ ਵਿਚ ਅੰਨ੍ਹੇ ਹੋ ਜਾਣੇ ਸਨ। ਜੇ ਯਾਬੇਸ਼ ਆਤਮ ਸਮਰਪਣ ਤੋਂ ਨਾਂਹ ਕਰਦਾ, ਤਾਂ ਨਾਹਾਸ਼ ਨੇ ਨਗਰ ਤੇ ਕਬਜ਼ਾ ਕਰ ਕੇ ਸਭ ਕੁਝ ਮਲੀਆਮੇਟ ਕਰ ਦੇਣਾ ਸੀ।

ਜਦ ਸ਼ਾਊਲ ਨੇ ਸੁਣਿਆ ਤਾਂ ਖ਼ੁਦਾ ਵੱਲੋਂ ਉਸ ਨੂੰ ਉਤਸ਼ਾਹ ਮਿਲਿਆ ਅਤੇ ਉਸ ਨੇ ਫ਼ੌਜ ਇਕੱਠੀ ਕੀਤੀ। ਫ਼ਤਹਿ ਮਿਲੀ ਅਤੇ ਇਸਰਾਏਲ ਦੇ ਬਾਦਸ਼ਾਹ ਦੇ ਰੂਪ ਦੇ ਵਿਚ ਸ਼ਾਊਲ ਦੀ ਗੱਦੀ ਪੱਕੀ ਹੋ ਗਈ।

ਯਾਬੇਸ਼ ਦੀ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਚਾਲੀ ਸਾਲ ਬਾਅਦ, ਸ਼ਾਊਲ ਦੀ ਤਾਕਤ, ਰੁਤਬੇ ਅਤੇ ਘੁਮੰਡ ਦੇ ਨਾਲ ਨਾਲ ਉਸ ਦੀਆਂ ਜਿੱਤਾਂ ਵੀ ਵਧ ਗਈਆਂ। ਉਸ ਦੀ ਪਹਿਲਾਂ ਵਾਲੀ ਹਲੀਮੀ ਖ਼ਤਮ ਹੋ ਗਈ ਅਤੇ ਉਹ ਇਕ ਸਨਕੀ ਤਾਨਾਸ਼ਾਹ ਬਣ ਗਿਆ ਸੀ। ਸ਼ਾਊਲ ਦਾ ਅੰਤ ਗਿਲਬੋਆ ਪਹਾੜ ਉੱਤੇ ਹੋਇਆ ਅਤੇ ਉਸ ਦੀ ਮੌਤ ਨਾਲ ਫ਼ਲਿਸਤੀਆਂ ਨੂੰ ਆਪਣੇ ਕਾਫ਼ਰ ਦੇਵਤਿਆਂ ਵਿਚ ਅਨੰਦ ਕਰਨ ਦਾ ਮੌਕਾ ਮਿਲ ਗਿਆ (31:6-10)। ਯਾਬੇਸ਼ ਨੇ ਸ਼ਾਊਲ ਅਤੇ ਉਸਦੇ ਪੁੱਤਰਾਂ ਦੀਆਂ ਲਾਸ਼ਾਂ ਜ਼ਲੀਲ ਹੋਣ ਲਈ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਬੇਖੌਫ਼ ਹੋ ਕੇ ਬੇਤਸ਼ਾਨ ਵਿਚ ਜਾ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਸਾੜ ਕੇ ਦੱਬ ਦਿੱਤਾ (31:11-13)। ਜ਼ਬਰਦਸਤ ਸ਼ੁਕਰਗੁਜ਼ਾਰੀ ਦਾ ਇਹ ਪ੍ਰਦਰਸ਼ਨ ਇਸ ਨਗਰ ਨੂੰ ਖ਼ਾਸ ਬਣਾਉਂਦਾ ਹੈ।

## ਸ਼ੁਕਰਗੁਜ਼ਾਰੀ ਦਾ ਵਿਹਾਰ

ਯਾਬੇਸ਼ ਗਿਲਆਦ ਦੇ ਇਨ੍ਹਾਂ ਸੂਰਵੀਰ ਲੋਕਾਂ ਵਿੱਚੋਂ ਅਸੀਂ ਵੇਖਦੇ ਹਾਂ ਕਿ ਸ਼ੁਕਰਗੁਜ਼ਾਰੀ ਵਿਚ ਹੇਠ ਲਿਖੇ ਗੁਣ ਮਿਲਦੇ ਹਨ।

*ਸ਼ੁਕਰਗੁਜ਼ਾਰੀ ਜਾਂ ਧੰਨਵਾਦ ਦੇਣਾ ਯਾਦ ਰੱਖਣ ਯੋਗ ਹੁੰਦਾ ਹੈ (11:11)।* ਚਾਲੀ ਸਾਲ ਬੀਤ ਚੁੱਕੇ ਸਨ ਜਦ ਸ਼ਾਊਲ ਨੇ ਯਾਬੇਸ਼ ਦੀ ਮਦਦ ਕੀਤੀ ਸੀ, ਪਰ ਉਸ ਦੇ ਕੰਮ ਨੂੰ ਭੁਲਾਇਆ ਨਹੀਂ ਗਿਆ ਸੀ। ਬਹੁਤ ਸਾਰੇ ਲੋਕ ਅੱਜ ਦਿਆਲਤਾ ਦੇ ਕੰਮਾਂ ਨੂੰ ਤਾਂ ਛੇਤੀ ਭੁੱਲ ਜਾਂਦੇ ਹਨ ਪਰ ਛੋਟੀ ਜਿਹੀ ਗ਼ਲਤੀ ਨੂੰ ਨਹੀਂ! ਜਦ ਸਾਡੇ ਭਲੇ ਲਈ ਚੰਗੇ ਕੰਮ ਹੁੰਦੇ ਹਨ, ਤਾਂ ਉਸ ਦੇ ਬਦਲੇ ਸਾਨੂੰ ''ਧੰਨਵਾਦ'' ਦਾ ਛੋਟਾ ਜਿਹਾ ਸ਼ਬਦ ਕਹਿਣੋਂ ਝਿਜਕਣਾ ਨਹੀਂ ਚਾਹੀਦਾ। ਜਦ ਭਲੇ ਕੰਮ ਸਾਡੀ ਬੇਹਤਰੀ ਲਈ ਕੀਤੇ ਜਾਂਦੇ ਹਨ ਤਾਂ ਸਾਨੂੰ ਧੰਨਵਾਦ ਦੇਣਾ ਚਾਹੀਦਾ ਹੈ।

> ਮੈਂ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ ਜਿਹਦੀ ਮੈਂ ਆਪਣਿਆਂ ਵੱਡ ਵਡੇਰਿਆਂ ਵਾਂਙੁ ਸ਼ੁੱਧ ਅੰਤਹਕਰਨ ਨਾਲ ਉਪਾਸਨਾ ਕਰਦਾ ਹਾਂ ਅਤੇ ਮੈਂ ਆਪਣੀਆਂ ਬੇਨਤੀਆਂ ਵਿਚ ਨਿੱਤ ਤੈਨੂੰ ਚੇਤੇ ਕਰਦਾ ਹਾਂ। ... ਮੈਨੂੰ ਤੇਰੀ ਨਿਸ਼ਕਪਟ ਨਿਹਚਾ ਚੇਤੇ ਆਉਂਦੀ ਹੈ ਜਿਹੜੀ ਪਹਿਲਾਂ ਤੇਰੀ ਨਾਨੀ ਲੋਇਸ ਅਤੇ ਤੇਰੀ ਮਾਤਾ ਯੂਨੀਕਾ ਵਿਚ ਸੀ ਅਤੇ ਮੈਨੂੰ ਪਰਤੀਤ ਹੈ ਜੋ ਉਹ ਤੇਰੇ ਵਿਚ ਭੀ ਹੈ (2 ਤਿਮੋਥਿਉਸ 1:3, 5)।

> ਤੁਸੀਂ ਆਪਣੇ ਆਗੂਆਂ ਨੂੰ ਚੇਤੇ ਰੱਖੋ ਜਿਨ੍ਹਾਂ ਤੁਹਾਨੂੰ ਪਰਮੇਸ਼ੁਰ ਦਾ ਵਚਨ ਸੁਣਾਇਆ। ਉਨ੍ਹਾਂ ਦੀ ਚਾਲ ਦੇ ਓੜਕ ਵੱਲ ਧਿਆਨ ਕਰ ਕੇ ਉਨ੍ਹਾਂ ਦੀ ਨਿਹਚਾ ਦੀ ਰੀਸ ਕਰੋ (ਇਬਰਾਨੀਆਂ 13:7)।

ਖ਼ੁਦਾ ਵੱਲੋਂ ਜ਼ਬਰਦਸਤ ਦਾਨ ਪਾ ਕੇ ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ।

> ਪਰ ਯਹੋਵਾਹ ਦੀ ਦਯਾ ਆਦਿ ਤੋਂ ਅੰਤ ਤੀਕ ਆਪਣੇ ਡਰਨ ਵਾਲਿਆਂ ਦੇ ਉੱਤੇ ਹੈ, ਅਤੇ ਉਹ ਦਾ ਧਰਮ ਪੁੱਤਰਾਂ ਪੋਤਰਿਆਂ ਤੀਕ ਅਰਥਾਤ ਉਨ੍ਹਾਂ ਲਈ ਜਿਹੜੇ ਉਹ ਦੇ ਨੇਮ ਨੂੰ ਮੰਨਦੇ, ਤੇ ਉਹ ਦੇ ਫ਼ਰਮਾਨਾਂ ਨੂੰ ਚੇਤੇ ਰੱਖਦੇ ਤੇ ਪੂਰੇ ਕਰਦੇ ਹਨ (ਜ਼ਬੂਰ 103:17, 18)।

> ਉਹ ਦੇ ਅਚਰਜ ਕੰਮਾਂ ਨੂੰ ਜਿਹੜੇ ਉਹ ਨੇ ਕੀਤੇ ਹਨ ਚੇਤੇ ਰੱਖੋ, ਉਹ ਦੇ ਅਚੰਭਿਆਂ ਨੂੰ ਅਤੇ ਉਹ ਦੇ ਮੂੰਹ ਦੇ ਨਿਆਵਾਂ ਨੂੰ ਵੀ (ਜ਼ਬੂਰ 105:5)।

*ਸ਼ੁਕਰਗੁਜ਼ਾਰੀ ਲਈ ਸਾਡੀ ਕੋਸ਼ਿਸ਼ ਜ਼ਰੂਰੀ ਹੈ (31:12)।* ਯਾਬੇਸ਼ ਦੇ ਲੋਕ ਆਪਣੀ ਜਾਨ ਜੋਖਿਮ ਵਿਚ ਪਾ ਕੇ ਸ਼ਾਊਲ ਦੀ ਲੋਥ ਲਿਅਉਣ ਨੂੰ ਤਿਆਰ ਸਨ। ਉਹ ਆਤਮ ਬਲੀਦਾਨ ਕਰ ਰਹੇ ਸਨ। ਸ਼ੁਕਰਗੁਜ਼ਾਰੀ ਨਾ ਵਿਖਾਉਣ ਦਾ ਪਹਿਲਾ ਕਾਰਣ ਇਹ ਹੈ ਕਿ ਵਿਸ਼ਵਾਸੀ ਭਾਈ ਸ਼ੁਕਰਗੁਜ਼ਾਰੀ ਵਿਖਾਉਣ ਦਾ ਯਤਨ ਹੀ ਨਹੀਂ ਕਰਦੇ! ਜਦਕਿ ਸ਼ੁਕਰਗੁਜ਼ਾਰੀ ਜਾਂ ਧੰਨਵਾਦ ਵਿਖਾਈ ਦੇਣਾ ਚਾਹੀਦਾ ਹੈ!

*ਸ਼ੁਕਰਗੁਜ਼ਾਰੀ ਲਗਾਤਾਰ ਹੋਣੀ ਚਾਹੀਦੀ ਹੈ, ਸ਼ਰਤਾਂ ਮੁਜਬ ਕਦੇ ਕਦੇ ਨਹੀਂ (31:12)।* ਲੋਕਾਂ ਵਿਚ ਸ਼ਾਊਲ ਦਾ ਨਾਮ ਖਰਾਬ ਹੋ ਗਿਆ ਸੀ, ਆਪਣੀ ਜ਼ਿੰਦਗੀ ਦੇ ਅਖ਼ੀਰ ਵਿਚ ਉਸ ਨੂੰ ਪਾਗਲ ਦੇ ਰੂਪ ਵਿਚ ਜਾਣਿਆ ਜਾਂਦਾ ਸੀ। ਉਸ ਦੇ ਦਰਬਾਰ ਵਿਚ ਸਨਕੀ ਤਾਨਾਸ਼ਾਹੀ ਚੱਲਦੀ ਸੀ। ਬਾਦਸ਼ਾਹ ਦੇ ਰੂਪ 'ਚ ਉਸ ਦੀ ਪਹਿਲਾਂ ਵਾਲੀ ਇੱਜ਼ਤ ਨਹੀਂ ਰਹੀ ਸੀ। ਸ਼ਾਊਲ ਮਰ ਗਿਆ ਸੀ, ਤਿਆਗ ਦਿੱਤਾ ਗਿਆ ਸੀ, ਗੈਰ ਕੌਮਾਂ ਵਿਚ ਮਜ਼ਾਕ ਬਣਨ ਲਈ ਛੱਡ ਦਿੱਤਾ ਗਿਆ ਸੀ,

ਪਰ ਨਗਰ ਦੇ ਲੋਕਾਂ ਨੇ ਫਿਰ ਵੀ ਉਸ ਪ੍ਰਤੀ ਸ਼ੁਕਰਗੁਜ਼ਾਰੀ ਵਿਖਾਈ! ਸ਼ੁਕਰਗੁਜਾਰੀ ਜਾਂ ਧੰਨਵਾਦ ਦੇਣਾ ਕਦੀ ਵੀ ਆਦਮੀ ਦੇ ਰੁਤਬੇ ਦੀ ਸ਼ਰਤ ਤੇ ਨਹੀਂ ਹੋਣੀ ਚਾਹੀਦੀ। ਭਾਵੇਂ ਕਿੰਨੀਆਂ ਵੀ ਕਮੀਆਂ ਕਿਉਂ ਨਾ ਹੋਣ ਸਲਾਹੁਤਾ ਹੋਣੀ ਚਾਹੀਦੀ ਹੈ। ਸਿਰਫ਼ ਇਸ ਲਈ ਕਿ ਦੂਜੇ ਨੂੰ ''ਪਸੰਦ'' ਨਹੀਂ ਕਰਦਾ ਧੰਨਵਾਦ ਨਾ ਕਰਨ ਦੀ ਗੱਲ ਕਿੰਨੀ ਬੁਰੀ ਹੈ।

*ਸ਼ੁਕਰਗੁਜ਼ਾਰੀ ਦਿਲੋਂ ਹੋਣੀ ਚਾਹੀਦੀ ਹੈ (31:12, 13)।* ਯਾਬੇਸ਼ ਨੇ ਪੂਰਾ ਜ਼ੋਰ ਲਗਾ ਦਿੱਤਾ ਸਾਨੂੰ ਚਾਹੀਦਾ ਹੈ ਕਿ ਧੰਨਵਾਦ ਪਰਗਟ ਕਰਨ ਵਿਚ ਪੂਰਾ ਜ਼ੋਰ ਲਗਾ ਦਈਏ। ''ਥੋੜਾ ਜਿਹਾ'' ਯਤਨ ਕਾਫ਼ੀ ਨਹੀਂ ਹੋਵੇਗਾ।

*ਸ਼ੁਕਰਗੁਜ਼ਾਰੀ ਹੋਣ ਤੋਂ ਲਗਾਅ ਦਾ ਪਤਾ ਲਗਦਾ ਹੈ (31:13)।* ਇਨ੍ਹਾਂ ਵਾਸੀਆਂ ਨੇ ਸ਼ਾਊਲ ਵੀ ਮੌਤ ਤੇ ਸੋਗ ਪਰਗਟ ਕੀਤਾ। ਉਹ ਉਸ ਨੂੰ ਪਸੰਦ ਕਰਦੇ ਸਨ ਅਤੇ ਉਨ੍ਹਾਂ ਦਾ ਇਹ ਡੂੰਘਾ ਲਗਾਅ ਵਿਖਾਈ ਦਿੰਦਾ ਹੈ। ਸ਼ੁਕਰਗੁਜ਼ਾਰੀ ਹੋਣਾ ਲਗਾਅ ਅਤੇ ਜਜ਼ਬਾਤੀ ਬੰਧਨ ਨੂੰ ਪਰਗਟ ਕਰਦਾ ਹੈ (ਤੁਲਨਾ ਫ਼ਿਲਿੱਪੀਆਂ 4:18)। ਮਸੀਹੀ ਲੋਕਾਂ ਵਿਚ ਉਸ ਪ੍ਰੇਮ ਕਾਰਣ ਜਿਹੜਾ ਉਨ੍ਹਾਂ ਦੇ ਹਿਰਦਿਆਂ ਵਿਚ ਸੀ, ਸ਼ੁਕਰਗੁਜ਼ਾਰੀ ਵਿਖਾਉਣ ਦੀ ਉਮੀਦ ਕੀਤੀ ਜਾਂਦੀ ਹੈ (1 ਯੂਹੰਨਾ 4:19-21)।

*ਸ਼ੁਕਰਗੁਜ਼ਾਰੀ ਖ਼ੁਦ-ਬ-ਖ਼ੁਦ ਹੈ (31:12)।* ਕੋਈ ਖ਼ਾਸ ਬੇਨਤੀ ਨਹੀਂ ਕੀਤੀ ਗਈ ਸੀ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਇਨਾਮ ਦੀ ਉਮੀਦ ਸੀ। ਉਨ੍ਹਾਂ ਬਿਨਾਂ ਕਿਸੇ ਦੇ ਉਕਸਾਉਣ ਜਾਂ ਬੇਨਤੀ ਦੇ ਇਹ ਕੰਮ ਕੀਤਾ। ਸ਼ੁਕਰਗੁਜ਼ਾਰੀ ਹੋਣ ਦਾ ਇਹੀ ''ਸਬੂਤ'' ਹੈ, ਕਿਉਂਕਿ ਜਦ ਕਿਸੇ ਨੂੰ ਸ਼ੁਕਰਗੁਜ਼ਾਰੀ ਵਿਖਾਉਣ ਲਈ ਉਕਸਾਇਆ ਜਾਂ ਮਜਬੂਰ ਕੀਤਾ ਜਾਂਦਾ ਹੈ ਤਾਂ ਇਸ ਦਾ ਸੁਆਦ ਹੀ ਖਰਾਬ ਹੋ ਜਾਂਦਾ ਹੈ। ਮਜਬੂਰ ਹੋ ਕੇ, ਵਿਖਾਈ ਗਈ ਸ਼ੁਕਰਗੁਜ਼ਾਰੀ ਦੀ ਪ੍ਰੇਰਣਾ ਪ੍ਰੇਮ ਨਹੀਂ ਹੈ ਅਤੇ ਨਾ ਹੀ ਖ਼ੁਦਾ ਨੂੰ ਪਸੰਦ ਹੈ।

ਉਨ੍ਹਾਂ ਦੀ ਸ਼ੁਕਰਗੁਜ਼ਾਰੀ ਕੇਵਲ ਪਿਆਰ ਦੇ ਕਾਰਣ ਸੀ ਅਤੇ ਇਸ ਨੂੰ ਸੇਵਾ ਵਜੋਂ ਵਿਖਾਇਆ ਗਿਆ।

## ਇਕ ਅਹਿਮ ਸਬਕ ਵੱਲ ਧਿਆਨ ਦੁਆਇਆ ਗਿਆ

ਇਸ ਇਤਿਹਾਸਕ ਵੇਰਵੇ ਨਾਲ ਸਾਨੂੰ ਸ਼ੁਕਰਗੁਜ਼ਾਰੀ ਦਾ ਅਹਿਮ ਪਹਿਲੂ ਵਿਖਾਇਆ ਗਿਆ ਹੈ ਅਤੇ ਉਹ ਇਹ ਹੈ ਕਿ ਜੇ ਧੰਨਵਾਦ ਦੇਣਾ ਜਾਂ ਸ਼ੁਕਰਗਜ਼ੁਾਰੀ ਖ਼ਾਮੋਸ਼ ਅਤੇ ਵਿਖਾਈ ਨਹੀਂ ਜਾਂਦੀ ਤਾਂ ਇਸ ਦਾ ਕੋਈ ਫ਼ਾਇਦਾ ਨਹੀਂ ਹੈ।

1860 ਵਿਚ ਮਿਸ਼ੀਗਨ ਝੀਲ ਤੇ ਇਕ ਤੂਫ਼ਾਨ ਵਿਚ ਇਕ ਤੇਜ਼ ਅਵਾਜ਼ ਵਾਲੇ ਸਕੂਨਰ ਜਹਾਜ਼ ਨੇ ਇਕ ਸਟੀਮਬੋਟ ਨੂੰ ਟੱਕਰ ਮਾਰੀ। ਵਿਨੇਟਕਾ, ਇਲਿਨੋਇਸ ਦੇ ਲਗਭਗ ਇਕ ਮੀਲ ਦੂਰ ਕੰਢੇ ਤੇ ਸਟੀਮਬੋਟ ਦੀਆਂ 393 ਸਵਾਰੀਆਂ ਵਿੱਚੋਂ 279 ਡੁੱਬ ਗਈਆਂ। ਉਸ ਤ੍ਰਾਸਦੀ ਦਾ ਇਕ ਨਾਇਕ ਨਾਰਥਵੈਸਟਨ ਯੂਨੀਵਰਸਿਟੀ ਦਾ ਵਿਦਿਆਰਥੀ ਐਡਵਰਡ ਸਪੈਂਸਰ ਸੀ। ਇਹ ਜਾਣ ਕੇ ਕਿ ਕੀ ਹੋਇਆ ਹੈ ਸਪੈਂਸਰ ਨੇ ਮਿਸ਼ਿਗਨ ਝੀਲ ਦੇ ਠੰਡੇ ਪਾਣੀ ਵਿਚ ਛਾਲ ਮਾਰ ਦਿੱਤੀ ਅਤੇ ਡੁੱਬਦੇ ਮੁਸਾਫ਼ਰਾਂ ਨੂੰ ਕੱਢ ਲਿਆਇਆ। ਉਹ ਇਕ ਮੁਸਾਫ਼ਰ ਨੂੰ ਕੰਢੇ ਤੇ ਛੱਡਦਾ ਅਤੇ ਝੱਟ ਦੂਜੇ ਨੂੰ ਬਚਾਉਣ ਚਲਿਆ ਜਾਂਦਾ। ਇਕੱਲੇ ਐਡਵਰਡ ਨੇ ਉਸ ਰਾਤ ਸਤਾਰਾਂ ਜਣਿਆਂ ਨੂੰ ਬਚਾਇਆ। ਉਸ ਅਨੁਭਵ ਦੇ ਤਣਾਅ ਕਾਰਣ ਉਸ ਨੂੰ ਧੱਕਾ ਲੱਗਾ ਅਤੇ ਉਹ ਬਾਕੀ ਜ਼ਿੰਦਗੀ ਵੀਲਚੇਅਰ ਤੇ ਹੀ ਰਿਹਾ। ਉਸ ਦੇ 80ਵੇਂ ਜਨਮ ਦਿਨ ਤੇ ਉਸ ਨੂੰ ਕਿਸੇ ਨੇ ਉਸ ਦਿਨ ਦੀ ਸਭ

ਤੋਂ ਕੌੜੀ ਯਾਦ ਦੁਆਉਣ ਨੂੰ ਆਖਿਆ। ਉਸ ਨੇ ਜਵਾਬ ਦਿੱਤਾ, ''ਉਨ੍ਹਾਂ ਸਤਾਰ੍ਹਾਂ ਵਿੱਚੋਂ ਇਕ ਵੀ ਮੈਨੂੰ ਧੰਨਵਾਦ ਕਹਿਣ ਨਾ ਆਇਆ।''

ਆਓ ਅਸੀਂ ਸਭ ਦੂਜਿਆਂ ਨੂੰ ਧੰਨਵਾਦ ਪਰਗਟ ਕਰਨ ਦੀ ਆਪਣੀ ਆਮ ਜਿਹੀ ਗ਼ਲਤੀ ਨੂੰ ਮੰਨ ਲਈਏ। ਅਸੀਂ ਆਪਣੇ ਆਪ ਨੂੰ ਸ਼ੁਕਰਗੁਜ਼ਾਰ ਮੰਨ ਸਕਦੇ ਹਾਂ ਜਾਂ ਧੰਨਵਾਦ ਕਰਨ ਦੀ ਇੱਛਾ ਰੱਖ ਸਕਦੇ ਹਾਂ; ਪਰ ਚੁੱਪ ਰਹਿ ਕੇ ਅਭਾਰ ਮਹਿਸੂਸ ਕਰਨਾ ਧੰਨਵਾਦ ਕਰਨ ਦੇ ਬਰਾਬਰ ਨਹੀਂ ਹੋ ਸਕਦਾ।

ਆਓ ਅਸੀਂ ਉਸ ਭਲਿਆਈ ਨੂੰ ਯਾਦ ਰੱਖਣ ਅਤੇ ਉਨ੍ਹਾਂ ਲੋਕਾਂ ਦੇ ਧੰਨਵਾਦੀ ਹੋਣ ਦੀ ਪੱਕੀ ਧਾਰ ਲਈਏ, ਜਿਨ੍ਹਾਂ ਕਾਰਣ ਸਾਡੀ ਜ਼ਿੰਦਗੀ ਵਿਚ ਭਲਿਆਈ ਆਈ ਹੈ। ਸਭ ਤੋਂ ਪਹਿਲਾਂ ਖ਼ੁਦਾ ਨੂੰ ਧੰਨਵਾਦ ਦੇਣਾ ਯਾਦ ਰੱਖਣ ਦੀ ਕੋਸ਼ਿਸ਼ ਕਰੀਏ:

> ਮੈਂ ਯਹੋਵਾਹ ਲਈ ਗਾਵਾਂਗਾ, ਉਸ ਨੇ ਮੇਰੇ ਉੱਤੇ ਪਰਉਪਕਾਰ ਜੋ ਕੀਤਾ ਹੈ (ਜ਼ਬੂਰ 13:6)।

> ਯਹੋਵਾਹ ਮੇਰਾ ਬਲ ਅਤੇ ਮੇਰੀ ਢਾਲ ਹੈ, ਮੇਰੇ ਮਨ ਨੇ ਉਸ ਉੱਤੇ ਭਰੋਸਾ ਰੱਖਿਆ ਹੈ, ਅਤੇ ਮੇਰੀ ਸਹਾਇਤਾ ਹੋਈ ਹੈ, ਇਸ ਲਈ ਮੇਰਾ ਮਨ ਮੌਜ ਮਾਣਦਾ ਹੈ, ਅਤੇ ਮੈਂ ਆਪਣੇ ਗੀਤ ਨਾਲ ਉਸ ਦਾ ਧੰਨਵਾਦ ਕਰਾਂਗਾ (ਜ਼ਬੂਰ 28:7)।

ਆਓ ਆਪਣੇ ਪਰਿਵਾਰ ਦੇ ਲੋਕਾਂ (ਭਾਵ ਮਾਂ ਪਿਓ, ਬੱਚਿਆਂ, ਦਾਦੀ–ਦਾਦਾ, ਨਾਨੀ–ਨਾਨਾ); ਖ਼ੁਦਾ ਦੇ ਪਰਿਵਾਰ ਦੇ ਲੋਕਾਂ ਭਾਵ ਕਲੀਸੀਆ; ਹੋਰ ਆਪਣੇ ਸਮਾਜ ਦੇ ਲੋਕਾਂ ਦਾ ਜਿਹੜੇ ਸਾਡਾ ਭਲਾ ਕਰਦੇ ਹਨ, ਧੰਨਵਾਦ ਕਰੀਏ।

## ਸਾਰ

ਧੰਨਵਾਦ ਕਰਨਾ ਨੈਤਿਕ ਜ਼ਿੰਮੇਵਾਰੀ ਹੈ, ਜਿਹੜੀ ਪੂਰੀ ਕੀਤੀ ਜਾਣੀ ਲਾਜ਼ਮੀ ਹੈ। ਧੰਨਵਾਦ ਨਾ ਕਰ ਪਾਉਣਾ ਪਾਪ ਹੈ। ਜਦ ਤੁਹਾਡੇ ਅੰਦਰ ਯਾਬੇਸ਼ ਵਾਲੀ ਸ਼ੁਕਰਗੁਜ਼ਾਰੀ ਆ ਜਾਏ, ਤਾਂ ਤੁਸੀਂ ਅਨੰਦ ਨਾਲ ਭਰੇ ਜ਼ਬਰਦਸਤ ਆਦਮੀ ਬਣ ਜਾਉਗੇ; ਤੁਹਾਡਾ ਸਾਰਾ ਜੀਵਨ ਅਨੰਦਿਤ ਹੋ ਜਾਵੇਗਾ; ਤੁਹਾਡੇ ਹੋਰ ਵੀ ਦੋਸਤ ਬਣ ਜਾਣਗੇ; ਤੁਸੀਂ ਇਹ ਵੀ ਧਿਆਨ ਦੇਣ ਲੱਗੋਗੇ ਕਿ ਦੂਜੇ ਲੋਕ ਤੁਹਾਡੇ ਲਈ ਕਿੰਨਾ ਕੁਝ ਕਰਦੇ ਹਨ ਅਤੇ ਤੁਸੀਂ ਸੱਚੀ ਖੁਸ਼ੀ ਦੀ ਸੋਚ ਵਿਚ ਆਪਣੇ ਆਪ ਨੂੰ ਸੇਵਾ ਲਈ ਸਮਰਪਿਤ ਕਰ ਦਿਓਗੇ!

ਐਨੇ ਲੋਕਾਂ ਤੋਂ ਐਨਾ ਕੁਝ ਪਾ ਲੈਣ ਪਿੱਛੋਂ ਉਨ੍ਹਾਂ ਦੀ ਭਲਿਆਈ ਨੂੰ ਨਾ ਮੰਨਣਾ ਕਿੰਨਾ ਬੁਰਾ ਹੈ! ਮਿਹਰਬਾਨੀ ਕਰ ਕੇ ਸ਼ੁਕਰਗੁਜ਼ਾਰੀ ਕਰਨਾ ਨਾ ਭੁੱਲੋ। ਇਸੇ ਹਫ਼ਤੇ ਸ਼ੁਕਰਗੁਜ਼ਾਰੀ ਕਰੋ! (1 ਥੱਸਲੁਨੀਕੀਆਂ 5:18)।